Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਅਜ਼ੀਮ ਉਸਵੇ ਦਾਨ ਪੁੰਨ ਦੀ ਰੋਸ਼ਨੀ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉੱਚੇ ਅਖ਼ਲਾਕ਼ ਦਾ ਦਿਲ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍ਰਿਹਿਲ੍ ਅਜ਼ੀਜ਼, 19 ਜੂਨ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਸਖ਼ਾਵਤ** ਦੇ ਹਵਾਲੇ ਨਾਲ ਕੁੱਝ ਰਿਵਾਇਤਾਂ ਪੇਸ਼ ਕਰਾਂਗਾ।

ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਅੰਸਾਰ ਦੇ ਕੁੱਝ ਲੋਕਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਮੰਗਿਆ, ਆਪ ﷺ ਨੇ ਉਨ੍ਹਾਂ ਨੂੰ ਦਿੱਤਾ, ਫਿਰ ਉਨ੍ਹਾਂ ਨੇ ਮੰਗਿਆ, ਫਿਰ ਆਪ ﷺ ਨੇ ਦਿੱਤਾ, ਉਨ੍ਹਾਂ ਨੇ ਫਿਰ ਮੰਗਿਆ ਅਤੇ ਆਪ ﷺ ਨੇ ਫਿਰ ਦਿੱਤਾ ਇੱਥੋਂ ਤੱਕ ਕਿ ਆਪ ﷺ ਦੇ ਕੋਲ ਜੋ ਕੁੱਝ ਸੀ ਉਹ ਖ਼ਤਮ ਹੋ ਗਿਆ। ਆਪ ﷺ ਨੇ ਫ਼ਰਮਾਇਆ ਜੋ ਮਾਲ ਵੀ ਮੇਰੇ ਕੋਲ ਹੋਵੇਗਾ ਮੈਂ ਉਸ ਨੂੰ ਹਰਗਿਜ਼ ਤੁਹਾਡੇ ਕੋਲੋਂ **ਲੁਕਾ** ਕੇ ਨਹੀਂ ਰੱਖਾਂਗਾ। ਜਿਹੜਾ ਮੰਗਣ ਤੋਂ ਬਚੇਗਾ ਅੱਲਾਹ ਤਆਲਾ ਵੀ ਉਸ ਨੂੰ ਬਚਾਵੇਗਾ ਅਤੇ ਜਿਹੜਾ ਦੁਨੀਆ ਦੇ ਮਾਲ ਤੋਂ **ਬੇ-ਪਰਵਾਹ** ਹੋਣਾ ਚਾਹੇਗਾ ਅੱਲਾਹ ਤਆਲਾ ਉਸ ਨੂੰ ਬੇ-ਪਰਵਾਹ ਕਰ ਦੇਵੇਗਾ ਅਤੇ ਜਿਹੜਾ ਆਪਣੀ ਜਾਨ ‘ਤੇ ਬੋਝ ਪਾ ਕੇ ਸਬਰ ਕਰੇਗਾ ਅੱਲਾਹ ਤਆਲਾ ਵੀ ਉਸ ਨੂੰ ਸਬਰ ਦੇਵੇਗਾ ਅਤੇ ਸਬਰ ਤੋਂ ਬਿਹਤਰ ਅਤੇ ਵੱਡੀ ਕਿਸੇ ਨੂੰ ਕੋਈ **ਨਿਅਮਤ** ਨਹੀਂ ਦਿੱਤੀ ਗਈ।

ਹਜ਼ਰਤ ਇਬਨਿ ਉਮਰ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਅਸੀਂ ਆਪ ﷺ ਦੇ ਨਾਲ ਇੱਕ ਸਫ਼ਰ ਵਿੱਚ ਸੀ ਅਤੇ ਮੈਂ ਇੱਕ ਕ਼ਾਬੂ ਨਾ ਆਉਣ ਵਾਲੇ ਊਠ ‘ਤੇ ਸਵਾਰ ਸੀ ਜਿਹੜਾ ਦੂਜੀਆਂ ਸਵਾਰੀਆਂ ਤੋਂ ਅੱਗੇ ਵਧ ਜਾਂਦਾ ਸੀ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਉਸ ਨੂੰ ਰੋਕਦੇ ਅਤੇ ਝਿੜਕਦੇ ਸਨ। ਇਹ ਦੇਖ ਕੇ ਆਪ ﷺ ਨੇ ਫ਼ਰਮਾਇਆ ਕਿ ਇਹ **ਊਠ** ਮੈਨੂੰ ਵੇਚ ਦੇ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਇਹ ਆਪ ﷺ ਦਾ ਹੀ ਹੈ। ਆਪ ﷺ ਨੇ ਫ਼ਰਮਾਇਆ ਕਿ ਮੈਨੂੰ ਇਹ ਵੇਚ ਦੇ। ਚੁਨਾਂਚਿ ਉਨ੍ਹਾਂ ਨੇ ਉਹ **ਊਠ** ਆਪ ﷺ ਨੂੰ ਵੇਚ ਦਿੱਤਾ। ਆਪ ﷺ ਨੇ ਫ਼ਰਮਾਇਆ ਕਿ ਐ ਅਬਦੁੱਲਾਹ ਬਿਨ ਉਮਰ ਹੁਣ ਇਹ ਊਠ ਤੇਰਾ ਹੈ, ਹੁਣ ਇਸ ਨਾਲ ਜੋ ਚਾਹੇ ਉਹ ਕਰ।

ਹਜ਼ੂਰ ਨੇ ਫ਼ਰਮਾਇਆ ਕਿ **ਤੋਹਫ਼ਾ** ਦੇਣ ਦਾ ਵੀ ਅੰਦਾਜ਼ ਹੈ। ਫਿਰ ਇਹ ਵੀ ਸਮਝਾ ਦਿੱਤਾ ਕਿ ਇਹ ਤਾਂ ਜਾਨਵਰ ਹੈ ਜੇਕਰ ਸਵਾਰੀਆਂ ਤੋਂ ਅੱਗੇ ਵਧ ਜਾਂਦਾ ਹੈ ਤਾਂ ਕੋਈ ਗੱਲ ਨਹੀਂ। ਅਤੇ ਹੁਣ ਤਾਂ ਇਹ ਊਠ ਆਪ ﷺ ਨੇ ਖ਼ਰੀਦ ਲਿਆ ਹੈ ਹੁਣ ਜੇਕਰ ਇਹ ਦੂਜੀਆਂ ਸਵਾਰੀਆਂ ਤੋਂ ਅੱਗੇ ਵਧੇਗਾ ਤਾਂ ਇਹੀ ਕਿਹਾ ਜਾਵੇਗਾ ਕਿ ਇਹ ਆਪ ﷺ ਦਾ ਊਠ ਹੀ ਅੱਗੇ ਵਧਿਆ ਹੈ।

ਇੱਕ ਗ਼ਜ਼ਵੇ ਵਿੱਚ ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਦਾ ਊਠ **ਥੱਕ** ਗਿਆ ਅਤੇ ਚੱਲਣ ਵਿੱਚ ਸੁਸਤ ਹੋ ਗਿਆ ਜਿਸ ਦੀ ਵਜ੍ਹਾ ਨਾਲ਼ ਉਹ ਫ਼ੌਜ ਤੋਂ ਪਿੱਛੇ ਰਹਿ ਗਏ। ਆਪ ﷺ ਉਨ੍ਹਾਂ ਦੇ ਕੋਲ਼ ਆਏ ਅਤੇ ਖ਼ੈਰੀਅਤ ਪੁੱਛੀ। ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਨੇ ਊਠ ਦੀ ਥਕਾਵਟ ਦਾ ਜ਼ਿਕਰ ਕੀਤਾ। ਆਪ ﷺ ਨੇ ਆਪਣੇ **ਕਿੱਲੇ** ਤੋਂ ਊਠ ਨੂੰ ਖਿੱਚਿਆ ਅਤੇ ਫ਼ਰਮਾਇਆ ਕਿ ਹੁਣ ਇਸ 'ਤੇ ਸਵਾਰ ਹੋ ਜਾ। ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਮੈਂ ਸਵਾਰ ਹੋ ਗਿਆ ਅਤੇ ਮੈਂ ਦੇਖਿਆ ਕਿ ਉਹ ਇੰਨਾ **ਤੇਜ਼** ਹੋ ਗਿਆ ਕਿ ਆਪ ﷺ ਦੀ ਸਵਾਰੀ ਤੋਂ ਵੀ ਅੱਗੇ ਵਧਣ ਲੱਗਾ ਜਿਸ 'ਤੇ ਮੈਨੂੰ ਉਸ ਨੂੰ ਰੋਕਣਾ ਪਿਆ। ਫਿਰ ਆਪ ﷺ ਨੇ ਮੇਰੇ ਕੋਲੋਂ ਪੁੱਛਿਆ ਕਿ ਕੀ ਤੂੰ **ਨਿਕਾਹ** ਕਰ ਲਿਆ ਹੈ? ਮੈਂ ਅਰਜ਼ ਕੀਤਾ ਕਿ ਜੀ ਹਾਂ। ਆਪ ﷺ ਨੇ ਫ਼ਰਮਾਇਆ ਕਿ ਦੇਖ ਤੂੰ ਆਪਣੇ ਘਰ ਪਹੁੰਚਣ ਵਾਲ਼ਾ ਹੈਂ। ਜਦ ਪਹੁੰਚੇਂ ਤਾਂ **ਅਕ਼ਲਮੰਦੀ** ਨਾਲ਼, **ਇਹਤਿਆਤ** ਨਾਲ਼ ਕੰਮ ਲੈਣਾ। ਘਰ ਵਿੱਚ ਬਿਹਤਰੀਨ ਸਲੂਕ ਹੋਣਾ ਚਾਹੀਦਾ ਹੈ। ਫਿਰ ਆਪ ﷺ ਨੇ ਫ਼ਰਮਾਇਆ ਕਿ ਕੀ ਤੂੰ ਆਪਣਾ ਇਹ ਊਠ ਮੈਨੂੰ ਵੇਚੇਂਗਾ। ਮੈਂ ਕਿਹਾ ਕਿ ਜੀ ਹਾਂ ਤਾਂ ਆਪ ﷺ ਨੇ ਉਹ ਮੇਰੇ ਕੋਲੋਂ ਇੱਕ ਔਕ਼ਿਯਾ ਚਾਂਦੀ 'ਤੇ ਖ਼ਰੀਦ ਲਿਆ। ਫਿਰ ਆਪ ﷺ ਮੇਰੇ ਤੋਂ ਪਹਿਲਾਂ ਮਦੀਨੇ ਪਹੁੰਚੇ ਅਤੇ ਮੈਂ ਅਗਲੀ ਸਵੇਰ ਨੂੰ ਪਹੁੰਚਿਆ। ਆਪ ﷺ ਨੇ ਫ਼ਰਮਾਇਆ: ਆਪਣਾ ਊਠ ਛੱਡ ਦੇ ਅਤੇ ਮਸਜਿਦ ਵਿੱਚ ਜਾ ਕੇ ਦੋ ਰਕਅਤ **ਨਮਾਜ਼** ਪੜ੍ਹ। ਚੁਨਾਂਚਿ ਮੈਂ ਅੰਦਰ ਗਿਆ ਅਤੇ ਨਮਾਜ਼ ਪੜ੍ਹੀ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਆਪ ﷺ ਨੇ ਫ਼ਰਮਾਇਆ ਕਿ ਉਸ ਨੂੰ ਇੱਕ ਔਕ਼ਿਯਾ ਚਾਂਦੀ ਤੋਲ ਕਰ ਦੇ ਦਿਓ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੇ ਤੋਲ ਵਿੱਚ ਕੰਡੇ ਨੂੰ ਝੁਕਾਇਆ ਯਾਨੀ ਥੋੜਾ ਜਿਹਾ ਜ਼ਿਆਦਾ ਦਿੱਤਾ। ਫਿਰ ਮੈਂ ਪਿੱਠ ਮੋੜ ਕੇ ਚਲਾ ਗਿਆ। ਆਪ ﷺ ਨੇ ਫ਼ਰਮਾਇਆ ਜਾਬਿਰ ਨੂੰ ਮੇਰੇ ਕੋਲ਼ ਆਉਣ ਲਈ ਬੁਲਾਓ। ਫ਼ਰਮਾਇਆ: ਆਪਣਾ ਊਠ ਲੈ ਲੈ ਅਤੇ ਇਸ ਦੀ **ਕ਼ੀਮਤ** ਵੀ ਤੇਰੀ ਹੈ। ਉਹ ਕਹਿੰਦੇ ਹਨ ਕਿ ਆਪ ﷺ ਦੀ ਵੱਲੋਂ ਦਿੱਤੇ ਗਏ ਇਸ ਤੋਹਫ਼ੇ ਵਿੱਚ ਇੰਨੀ ਬਰਕਤ ਪਈ ਕਿ ਉਹ ਊਠ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਜ਼ਮਾਨੇ ਤੱਕ ਜਿਉਂਦਾ ਰਿਹਾ।

ਆਪ ﷺ ਦੇ **ਨਮੂਨੇ**, ਆਪ ﷺ ਦੀ **ਤਰਬੀਅਤ** ਅਤੇ ਆਪ ﷺ ਦੀ **ਕ਼ੁੱਵਤਿ ਕ਼ੁਦਸੀ** (ਪਵਿੱਤਰਤਾ ਦੀ ਸ਼ਕਤੀ) ਦਾ ਅਸਰ ਸੀ ਜੋ ਸਭ ਸਹਾਬਾ ਉੱਤੇ ਸੀ। ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਉੱਤੇ ਵੀ ਇਹ ਅਸਰ ਸੀ। ਇਸੇ ਵਜ੍ਹਾ ਨਾਲ਼ ਆਪ ਰਜ਼ਿ ਅੱਲਾਹੁ ਅਨਹਾ ਨੇ ਬਗ਼ੈਰ ਕਿਸੇ ਤੰਗੀ ਦੇ ਖ਼ੌਫ਼ ਦੇ ਆਪਣਾ ਮਾਲ ਆਪ ﷺ ਦੇ ਸਪੁਰਦ ਕਰ ਦਿੱਤਾ। ਚੁਨਾਂਚਿ ਬਿਆਨ ਕੀਤਾ ਜਾਂਦਾ ਹੈ ਕਿ ਆਪ ﷺ ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਦੇ ਕੋਲ਼ ਤਸ਼ਰੀਫ਼ ਲਿਆਏ ਅਤੇ ਆਪ ﷺ ਕੁੱਝ **ਫ਼ਿਕਰਮੰਦ** ਸਨ। ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਨੇ ਆਪ ﷺ ਕੋਲੋਂ ਪੁੱਛਿਆ ਕਿ ਕੀ ਹੋਇਆ ਹੈ? ਆਪ ﷺ ਨੇ ਫ਼ਰਮਾਇਆ ਕਿ **ਅਕਾਲ** ਦਾ ਜ਼ਮਾਨਾ ਹੈ। ਮੈਨੂੰ ਤੇਰੇ ਕੋਲੋਂ ਸ਼ਰਮ ਆਉਂਦੀ ਹੈ ਕਿ ਜੇਕਰ ਮੈਂ ਮਾਲ ਖ਼ਰਚ ਕੀਤਾ ਤਾਂ ਤੇਰਾ ਮਾਲ ਖ਼ਤਮ ਹੋ ਜਾਵੇਗਾ ਅਤੇ ਜੇਕਰ ਮੈਂ ਖ਼ਰਚ ਨਾ ਕਰਾਂ ਤਾਂ ਮੈਂ ਅੱਲਾਹ ਤੋਂ ਡਰਦਾ ਹਾਂ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਨੇ **ਦੀਨਾਰ** ਕੱਢੇ ਅਤੇ ਉਨ੍ਹਾਂ ਦਾ ਢੇਰ ਲਾ ਦਿੱਤਾ ਇੱਥੋਂ ਤੱਕ ਕਿ ਮਾਲ ਦੀ ਜ਼ਿਆਦਤੀ ਦੀ ਵਜ੍ਹਾ ਨਾਲ਼ ਮੈਂ ਇਹ ਨਹੀਂ ਦੇਖ ਪਾ ਰਿਹਾ ਸੀ ਕਿ ਮੇਰੇ ਸਾਹਮਣੇ ਕੌਣ ਬੈਠਿਆ ਹੈ। ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਨੇ ਕਿਹਾ ਕਿ ਤੁਸੀਂ ਗਵਾਹ ਰਹੋ, ਇਹ ਸਾਰਾ ਮਾਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਹੈ। ਜੇਕਰ ਉਹ ਚਾਹੁਣ ਤਾਂ ਉਸ ਨੂੰ **ਖ਼ਰਚ** ਕਰ ਦੇਣ ਜੇਕਰ ਚਾਹੁਣ ਤਾਂ ਆਪਣੇ ਕੋਲ਼ **ਰੱਖ** ਲੈਣ। ਉਨ੍ਹਾਂ ਨੇ ਆਪ ﷺ ਦਾ ਫ਼ਿਕਰ ਦੂਰ ਕਰਨ ਦੇ ਲਈ ਦੇ ਦਿੱਤਾ ਕਿ ਠੀਕ ਹੈ ਤੁਸੀਂ ਖ਼ਰਚ ਕਰੋ।

ਇੱਕ ਸ਼ਖ਼ਸ ਆਪ ﷺ ਦੇ ਕੋਲ਼ ਹਾਜ਼ਿਰ ਹੋਇਆ ਅਤੇ ਕੁੱਝ ਮੰਗਿਆ। ਆਪ ﷺ ਨੇ ਫ਼ਰਮਾਇਆ ਕਿ ਮੇਰੇ ਕੋਲ਼ ਇਸ ਵੇਲੇ ਕੁੱਝ ਨਹੀਂ ਹੈ। ਤੂੰ ਮੇਰੇ ਨਾਮ ਨਾਲ਼ ਚੀਜ਼ਾਂ ਖ਼ਰੀਦ ਲੈ ਜਦ ਮੇਰੇ ਕੋਲ਼ ਕੁੱਝ ਆਵੇਗਾ ਤਾਂ ਮੈਂ **ਕ਼ੀਮਤ** ਅਦਾ ਕਰ ਦੇਵਾਂਗਾ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਐ ਅੱਲਾਹ ਦੇ ਰਸੂਲ! ਆਪ ﷺ ਇਸ ਨੂੰ ਪਹਿਲਾਂ ਦੇ ਚੁੱਕੇ ਹੋ ਅਤੇ ਜੋ ਆਪ ﷺ ਦੀ ਤਾਕ਼ਤ ਵਿੱਚ ਨਹੀਂ ਹੈ ਅੱਲਾਹ ਤਆਲਾ ਨੇ ਆਪ ﷺ ਨੂੰ ਉਸ ਦਾ **ਜ਼ਿੰਮੇਵਾਰ** ਨਹੀਂ ਠਹਿਰਾਇਆ। ਆਪ ﷺ ਨੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੀ ਗੱਲ **ਨਾ-ਪਸੰਦ** ਕੀਤੀ। ਅਨਸਾਰ ਵਿੱਚੋਂ

ਇੱਕ ਸ਼ਖ਼ਸ ਨੇ ਕਿਹਾ ਕਿ ਐ ਅੱਲਾਹ ਦੇ ਰਸੂਲ! ਆਪ ﷺ ਖ਼ਰਚ ਕਰੋ ਅਤੇ **ਖ਼ੁਦਾਇ ਜ਼ੁਲ-ਅਰਸ਼** ਦੇ ਵੱਲੋਂ ਗ਼ੁਰਬਤ ਤੋਂ ਨਾ ਡਰੋ। ਅੰਸਾਰੀ ਦੀ ਇਸ ਗੱਲ 'ਤੇ ਆਪ ﷺ ਮੁਸਕੁਰਾਏ ਅਤੇ ਖ਼ੁਸ਼ੀ ਆਪ ﷺ ਦੇ ਚਿਹਰੇ ਤੋਂ ਜ਼ਾਹਿਰ ਹੋਣ ਲੱਗੀ। ਆਪ ﷺ ਨੇ ਫ਼ਰਮਾਇਆ ਕਿ ਇਸੇ ਦਾ ਮੈਨੂੰ ਹੁਕਮ ਦਿੱਤਾ ਗਿਆ ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇੱਕ ਸਹਾਬੀ ਨੇ **ਖਜੂਰਾਂ** ਅਤੇ **ਖੀਰੇ** ਪੇਸ਼ ਕੀਤੇ। ਉਸ ਵੇਲੇ ਆਪ ﷺ ਦੇ ਕੋਲ ਬਹਰੈਨ ਤੋਂ ਸੋਨੇ ਦੇ ਗਹਿਣੇ ਆਏ ਸਨ। ਆਪ ﷺ ਨੇ ਮੁੱਠੀ ਭਰ ਗਹਿਣੇ ਖਜੂਰਾਂ ਅਤੇ ਖੀਰਿਆਂ ਦੇ ਬਦਲੇ ਅਤਾ ਫ਼ਰਮਾ ਦਿੱਤੇ।

ਅਜਿਹਾ ਸ਼ਖ਼ਸ ਜਿਹੜਾ **ਕ਼ਰਜ਼ਦਾਰ** ਫ਼ੌਤ ਹੋ ਜਾਵੇ ਅਤੇ ਉਸ ਦੀ ਅਦਾਇਗੀ ਦੇ ਲਈ ਉਸ ਨੇ ਮਾਲ ਨਾ ਛੱਡਿਆ ਹੋਵੇ ਤਾਂ ਆਪ ﷺ ਮੁਸਲਮਾਨਾਂ ਨੂੰ ਇਰਸ਼ਾਦ ਫ਼ਰਮਾਉਂਦੇ ਸਨ ਕਿ ਤੁਸੀਂ ਆਪਣੇ ਭਾਈ ਦੀ **ਨਮਾਜ਼ਿ ਜਨਾਜ਼ਾ** ਪੜ੍ਹ ਲਓ। ਆਪ ﷺ ਫ਼ਰਮਾਉਂਦੇ: ਮੈਂ ਮੁਸਲਮਾਨਾਂ ਦਾ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਵੀ ਜ਼ਿਆਦਾ ਕ਼ਰੀਬੀ ਹਾਂ। ਇਸ ਲਈ ਮੋਮਿਨਾਂ ਵਿੱਚੋਂ ਜਿਹੜਾ ਫ਼ੌਤ ਹੋ ਜਾਵੇ ਅਤੇ ਉਹ ਕ਼ਰਜ਼ਾ ਛੱਡ ਜਾਵੇ ਤਾਂ ਉਸ ਦਾ ਅਦਾ ਕਰਨਾ ਮੇਰੇ ਜ਼ਿੰਮੇ ਹੈ ਅਤੇ ਜੋ ਮਾਲ ਛੱਡ ਜਾਵੇ ਉਹ ਉਸਦੇ **ਵਾਰਿਸਾਂ** ਦਾ ਹੈ।

ਹਜ਼ੂਰ ਅਨਵਰ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਰਜ਼ੇ ਦੀ ਅਦਾਇਗੀ ਦੇ ਹਵਾਲੇ ਨਾਲ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਦੀ ਤਫ਼ਸੀਲੀ ਰਿਵਾਇਤ ਪੇਸ਼ ਕੀਤੀ ਜਿਸ ਵਿੱਚ ਅੱਲਾਹ ਤਆਲਾ ਨੇ ਗ਼ੈਰ ਮਾਮੂਲੀ ਅੰਦਾਜ਼ ਵਿੱਚ **ਕ਼ਰਜ਼ੇ** ਦੀ ਅਦਾਇਗੀ ਦਾ ਸਮਾਨ ਆਪਣੇ ਵੱਲੋਂ ਕੀਤਾ। ਜਦ ਪੂਰਾ ਕ਼ਰਜ਼ਾ ਅਦਾ ਹੋ ਗਿਆ ਤਾਂ ਆਪ ﷺ ਨੇ ਫ਼ਰਮਾਇਆ ਕਿ ਐ ਬਿਲਾਲ! ਕ਼ਰਜ਼ੇ ਦੀ ਅਦਾਇਗੀ ਦੇ ਬਾਅਦ ਜਿਹੜਾ ਮਾਲ ਬਚ ਗਿਆ ਹੈ ਉਸ ਨੂੰ ਗ਼ਰੀਬਾਂ 'ਤੇ ਖ਼ਰਚ ਕਰ ਦੇ। ਉਹ ਰਾਤ ਆਪ ﷺ ਨੇ ਮਸਜਿਦ ਵਿੱਚ ਗੁਜ਼ਾਰੀ ਅਤੇ ਘਰ ਤਸ਼ਰੀਫ਼ ਨਾ ਲੈ ਗਏ। ਅਗਲੇ ਦਿਨ ਪੁੱਛਣ 'ਤੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੇ ਦੱਸਿਆ ਕਿ ਸਾਰਾ ਮਾਲ ਖ਼ਰਚ ਹੋ ਗਿਆ ਹੈ। ਆਪ ﷺ ਨੇ ਅੱਲਾਹ ਦੀ **ਵਡਿਆਈ** ਅਤੇ **ਹਮਦ** ਬਿਆਨ ਕੀਤੀ ਅਤੇ ਫਿਰ ਆਪ ﷺ ਆਪਣੀ ਬੀਵੀਆਂ ਦੇ ਕੋਲ ਤਸ਼ਰੀਫ਼ ਲੈ ਗਏ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੁਬੈਰ ਰਜ਼ਿ ਅੱਲਾਹੁ ਅਨਹੁ ਨੂੰ ਜਿੱਥੋਂ ਤੱਕ ਉਨ੍ਹਾਂ ਦਾ **ਘੋੜਾ** ਦੌੜੇ ਉਥੋਂ ਤੱਕ **ਜਾਗੀਰ** ਅਤਾ ਕਰਨ ਦਾ ਇਰਸ਼ਾਦ ਫ਼ਰਮਾਇਆ। ਘੋੜਾ ਦੌੜ ਕੇ ਰੁਕ ਗਿਆ ਤਾਂ ਹਜ਼ਰਤ ਜ਼ੁਬੈਰ ਰਜ਼ਿ ਅੱਲਾਹੁ ਅਨਹੁ ਨੇ ਆਪਣਾ **ਕੋੜਾ** ਸੁੱਟਿਆ ਜਿਹੜਾ ਦੂਰ ਤੱਕ ਗਿਆ। ਆਪ ﷺ ਨੇ ਫ਼ਰਮਾਇਆ ਕਿ ਉਸ ਨੂੰ ਉੱਥੇ ਤੱਕ ਜ਼ਮੀਨ ਦੇ ਦਿਓ ਜਿੱਥੇ ਤੱਕ ਉਸ ਦਾ ਕੋੜਾ ਗਿਆ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਵਾਰ ਆਪਣੇ ਘਰ ਵਿੱਚ ਆ ਕੇ ਪੁੱਛਿਆ ਕਿ ਸਾਡੇ ਘਰ ਵਿੱਚ ਕੀ ਹੈ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਦੋ **ਅਸ਼ਰਫ਼ੀਆਂ** ਕੱਢ ਕੇ ਦਿੱਤੀਆਂ ਕਿ ਇਹੀ ਹਨ। ਆਪ ﷺ ਨੇ **ਹਥੇਲੀ** 'ਤੇ ਉਹ ਅਸ਼ਰਫ਼ੀਆਂ ਰੱਖ ਲਈਆਂ ਅਤੇ ਫ਼ਰਮਾਇਆ ਕਿ ਕੀ ਹਾਲ ਹੈ ਉਸ ਨਬੀ ਦਾ ਜਿਹੜਾ ਆਪਣੇ ਪਿੱਛੇ ਦੋ ਅਸ਼ਰਫ਼ੀਆਂ ਛੱਡ ਜਾਵੇ ਅਤੇ ਫਿਰ ਉਸੇ ਵੇਲੇ ਉਹ ਅਸ਼ਰਫ਼ੀਆਂ ਵੰਡ ਦਿੱਤੀਆਂ।

ਹੁਨੈਨ ਦੀ ਜੰਗ ਵਿੱਚ 6 ਹਜ਼ਾਰ ਜਾਂ 8 ਲੌਂਡੀਆਂ ਅਤੇ ਗ਼ੁਲਾਮ, 24 ਊਠ ਅਤੇ 40 ਤੋਂ ਜ਼ਿਆਦਾ ਭੇਡ ਬੱਕਰੀਆਂ, 4 ਔਕ਼ਿਯਾ ਚਾਂਦੀ **ਮਾਲਿ ਗ਼ਨੀਮਤ** ਵਿੱਚ ਹਾਸਿਲ ਹੋਇਆ। ਆਪ ﷺ ਨੇ ਮਾਲਿ ਗ਼ਨੀਮਤ ਦੀ ਵੰਡ ਦੀ ਸ਼ੁਰੂਆਤ **ਤਾਲੀਫ਼ਿ ਕ਼ਲਬ** (ਦਿਲਾਂ ਵਿੱਚ ਮੁਹੱਬਤ ਪੈਦਾ ਕਰਨ ਲਈ ਕੁੱਝ ਖ਼ਰਚ ਕਰਨਾ) ਤੋਂ ਕੀਤਾ। ਇਹ ਅਰਬ ਦੇ ਵੱਡੇ ਲੋਕ ਸਨ ਅਤੇ ਆਪਣੇ ਆਪਣੇ ਕ਼ਬੀਲੀਆਂ ਵਿੱਚ **ਸ਼ਰਫ਼** ਅਤੇ **ਬਜ਼ੁਰਗੀ** ਦਾ ਮੁਕ਼ਾਮ ਰੱਖਦੇ ਸਨ। ਆਪ ﷺ ਨੇ ਉਨ੍ਹਾਂ ਨੂੰ ਮਾਨੂਸ ਕਰਨ ਦੇ ਲਈ ਮਾਲ ਅਤਾ ਫ਼ਰਮਾਇਆ।

ਆਪ ﷺ ਨੇ ਇਸ ਮੌਕ਼ੇ 'ਤੇ ਅਬੂ ਸੁਫ਼ਯਾਨ ਅਤੇ ਉਨ੍ਹਾਂ ਦੇ ਬੇਟਿਆਂ ਨੂੰ ਇੰਨਾ ਮਾਲ ਅਤਾ ਫ਼ਰਮਾਇਆ ਕਿ ਅਬੂ ਸੁਫ਼ਯਾਨ ਬੋਲ ਉੱਠੇ ਕਿ ਐ ਅੱਲਾਹ ਦੇ ਰਸੂਲ! ਆਪ ﷺ ਕਰੀਮ ਹੋ। ਮੇਰੇ ਮਾਂ ਬਾਪ ਆਪ ﷺ 'ਤੇ ਕ਼ੁਰਬਾਨ। ਮੈਂ

ਤੁਹਾਡੇ ਨਾਲ ਜੰਗਾਂ ਕੀਤੀਆਂ ਅਤੇ ਤੁਸੀਂ ਕਿੰਨੇ ਹੀ ਚੰਗੇ **ਜੰਗਜੂ** ਹੋ ਅਤੇ ਮੈਂ ਤੁਹਾਡੇ ਨਾਲ ਸੁਲਹ ਕੀਤੀ ਹੈ ਅਤੇ ਤੁਸੀਂ ਕਿੰਨੇ ਹੀ ਚੰਗੇ ਸੁਲਹ ਕਰਨ ਵਾਲੇ ਹੋ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਆਪ ﷺ ਦੇ ਕੋਲ ਇੱਕ ਮੌਕੇ 'ਤੇ ਬਹੁਤ ਸਾਰੀਆਂ ਭੇਡ ਬੱਕਰੀਆਂ ਸਨ। ਇੱਕ **ਕਾਫ਼ਿਰ** ਨੇ ਕਿਹਾ ਕਿ ਆਪ ﷺ ਦੇ ਕੋਲ ਇੰਨੀਆਂ ਭੇਡ ਬੱਕਰੀਆਂ ਜਮ੍ਹਾ ਹਨ ਕਿ **ਕ਼ੈਸਰ** ਅਤੇ **ਕਿਸਰਾ** ਦੇ ਕੋਲ ਵੀ ਇੰਨੀਆਂ ਨਹੀਂ ਹਨ। ਆਪ ﷺ ਨੇ ਉਸੇ ਵੇਲੇ ਸਭ ਉਸ ਨੂੰ ਬਖ਼ਸ਼ ਦਿੱਤੀਆਂ। ਉਹ ਉਸੇ ਵੇਲੇ ਇਮਾਨ ਲੈ ਆਇਆ ਕਿ ਨਬੀ ਦੇ ਸਿਵਾਏ ਕੋਈ ਇੰਨਾ ਦਾਨ ਪੁੰਨ ਨਹੀਂ ਕਰ ਸਕਦਾ।

ਗ਼ਜ਼ਵਾ ਹੁਨੈਨ ਵਾਲੇ ਦਿਨ ਇੱਕ ਔਰਤ ਆਈ ਅਤੇ ਉਸ ਨੇ ਸ਼ਿਅਰ ਪੜ੍ਹੇ ਜਿਨ੍ਹਾਂ ਵਿੱਚ ਆਪ ﷺ ਦੇ ਬਨੂ ਹਵਾਜ਼ਨ ਵਿੱਚ **ਰਜ਼ਾਅਤ** ਦੇ ਦਿਨਾਂ ਦਾ ਜ਼ਿਕਰ ਸੀ। ਆਪ ﷺ ਨੇ ਇਹ ਸ਼ਿਅਰ ਸੁਣ ਕੇ ਬਨੂ ਹਵਾਜ਼ਨ ਦਾ ਸਾਰਾ ਮਾਲ ਉਨ੍ਹਾਂ ਨੂੰ ਵਾਪਿਸ ਕਰ ਦਿੱਤਾ ਅਤੇ ਨਾਲ ਹੀ ਉਨ੍ਹਾਂ ਨੂੰ ਹੋਰ ਇੰਨਾ ਮਾਲ ਅਤਾ ਫ਼ਰਮਾਇਆ ਕਿ ਜਿਸ ਦੀ ਮਾਲੀਅਤ 05 ਲੱਖ ਦਿਰਹਮ ਦੇ ਬਰਾਬਰ ਸੀ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉੱਚੇ ਅਖ਼ਲਾਕ਼ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਉਨ੍ਹਾਂ ਵਿੱਚ ਕਮਾਲ ਦਰਜੇ ਦਾ **ਸੰਤੁਲਨ** ਪਾਇਆ ਜਾਂਦਾ ਸੀ। ਹਰ ਇੱਕ ਖ਼ੁਲਕ਼ ਆਪਣੇ ਆਪਣੇ ਮਹਿਲ ਅਤੇ ਮੌਕ਼ੇ 'ਤੇ ਜ਼ਾਹਿਰ ਹੁੰਦਾ ਸੀ। ਇਨ੍ਹਾਂ ਉੱਚੇ ਅਖ਼ਲਾਕ਼ ਵਿੱਚੋਂ ਆਪ ﷺ ਦੀ **ਸਖ਼ਾਵਤ** ਵੀ ਆਪਣੀ ਜਗ੍ਹਾ ਸੀ ਅਤੇ **ਕ਼ੁਰਬਾਨੀ** ਵੀ ਆਪਣੀ ਜਗ੍ਹਾ ਸੀ ਅਤੇ **ਕਰਮ** ਵੀ ਆਪਣੀ ਜਗ੍ਹਾ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਿਸ ਤਰ੍ਹਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਿੱਖਿਆ ਸੰਤੁਲਿਤ ਹੈ ਇਸੇ ਤਰ੍ਹਾਂ ਆਪ ﷺ ਦਾ ਅਮਲ ਵੀ ਇਸ ਦੇ ਮੁਤਾਬਿਕ਼ ਸੰਤੁਲਿਤ ਸੀ। ਅੱਲਾਹ ਤਆਲਾ ਸਾਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਰ ਪਹਿਲੂ 'ਤੇ **ਗ਼ੌਰ** ਕਰਨ ਅਤੇ **ਅਮਲ** ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞